ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040203
Available online at: www.armaan.org.in
DOI: https://doi.org/10.64119/armaan.vol4.issue2.03

# ਪੰਜਾਬੀ ਸਫਰਨਾਮਾ ਸਾਹਿਤ ਦਾ ਆਗਾਜ਼ ਬਿੰਦੂ: ਜਨਮਸਾਖੀ ਸਾਹਿਤ ਪਰੰਪਰਾ

# Punjabi Safarnama Sahit Da Aagaaz Bindu: Janamsakhi Sahit Prampra

**ਡਾ. ਜਸਪ੍ਰੀਤ ਕੌਰ (Dr. Jaspreet Kaur)**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ (Assistant Professor, Dept. of Punjabi)
ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ (ਪੰਜਾਬ)-147001
Email ID: jaspreet.vishav@gmail.com

**ਸਾਰ (Abstract)**

*ਪੰਜਾਬੀ ਸਾਹਿਤ ਵਿੱਚ ਸਫ਼ਰ ਸਾਹਿਤ ਦੀ ਪਿਰਤ ਕਦੋਂ ਸ਼ੁਰੂ ਹੋਈ ? ਇਸਨੂੰ ਜਾਣਨ ਲਈ ਪ੍ਰਾਚੀਨ ਸਾਹਿਤ ਦੇ ਨਾਲ-ਨਾਲ ਮੱਧਕਾਲੀਨ ਸਾਹਿਤ ਦੇ ਸਰਵੇਖਣ ਦੀ ਵੀ ਲੋੜ ਹੈ ਕਿਉਂਕਿ ਆਧੁਨਿਕ ਸਫ਼ਰਨਾਮਾ ਸਾਹਿਤ ਦੀਆਂ ਜੜ੍ਹਾਂ ਇਸ ਕਾਲ ਵਿੱਚ ਡੂੰਘੀਆਂ ਧਸੀਆਂ ਹੋਈਆਂ ਹਨ। ਵਾਰਤਕ ਦੇ ਇਸ ਰੂਪ ਦੀ ਪੁਰਾਤਨ ਪ੍ਰੰਪਰਾ ਤੱਕ ਪਹੁੰਚਣ ਲਈ ਮੱਧਕਾਲ ਦੇ ਜਨਮਸਾਖੀ ਸਾਹਿਤ ਨੂੰ ਜਾਣੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿਉਂਕਿ ਇਸ ਤੋਂ ਨਿਖੜ ਕੇ ਸਫ਼ਰਨਾਮਾ ਸਾਹਿਤ ਦੇ ਇਤਿਹਾਸ ਬਾਰੇ ਜਾਣਨਾ ਪ੍ਰਮਾਣਿਕ ਨਹੀਂ ਹੋ ਸਕਦਾ। ਜਨਮਸਾਖੀ ਸਾਹਿਤ ਦੀ ਇਤਿਹਾਸਕ ਅਤੇ ਸਾਹਿਤਕ ਮਹਾਨਤਾ ਇਹ ਵੀ ਹੈ ਕਿ ਇਸ ਨੇ ਆਧੁਨਿਕ ਵਾਰਤਕ ਵਿਧਾਵਾਂ ਦੇ ਮੁੱਢਲੇ ਬੀਜ ਰੂਪ ਜਾਂ ਇੰਝ ਕਹਿ ਲਵੋ ਕਿ ਮੁੱਢਲੇ ਵਿਲੱਖਣ ਪਛਾਣ ਚਿੰਨ੍ਹ ਸਾਂਭੇ ਹੋਏ ਹਨ। ਇਸ ਖੋਜ ਪੇਪਰ ਵਿੱਚ ਮੱਧਕਾਲੀਨ ਵਾਰਤਕ ਵੰਨਗੀ ਜਨਮ ਸਾਖੀ ਵਿੱਚ ਪੰਜਾਬੀ ਸਫਰਨਾਮਾ ਸਾਹਿਤ ਦੇ ਕੁਝ ਅੰਸ਼ ਆਪਣੇ ਅੰਦਰ ਸਮੋਣ ਦੀ ਵਿਸ਼ਲੇਸ਼ਣਾਤਮਕ ਚਰਚਾ ਨੂੰ ਆਧਾਰ ਬਣਾਇਆ ਗਿਆ ਹੈ, ਜਿਸ ਸਦਕਾ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਵਿੱਚ ਸਫ਼ਰ ਦੀ ਪਰੰਪਰਾ ਢੇਰ ਪੁਰਾਣੀ ਹੈ, ਜਦੋਂ ਕਿ ਲਿਖਤ ਪੱਧਰ ਤੇ ਇਹ ਵਿਹਵੀਂ ਸਦੀ ਦੀ ਦੇਣ ਹੈ। ਕਈ ਪੱਖਾਂ ਨੂੰ ਵਾਚਣ ਉਪਰੰਤ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਜਨਮ ਸਾਖੀ ਸਾਹਿਤ ਵਿੱਚ ਸਫਰ ਸਾਹਿਤ ਦੀ ਬੁਨਿਆਦ ਵੇਖੀ ਜਾ ਸਕਦੀ ਹੈ। ਜਿਹੜੀ ਸਾਹਿਤਕ ਰੂਪ ਵਜੋਂ ਸਫਰ ਸਾਹਿਤ ਨੂੰ ਜਨਮ ਦਿੰਦੀ ਹੈ।*

***ਕੀਵਰਡ (Keyword):*** *ਸਰਵੇਖਣ, ਸਫ਼ਰਨਾਮਾ, ਜਨਮਸਾਖੀ, ਉਦਾਸੀ, ਚਿੰਤਨਸ਼ੀਲ, ਵਿਧਾ, ਪ੍ਰਮਾਣਿਕ ।*

ਸਫ਼ਰਨਾਮੇ ਦੇ ਰੂਪ ਵਿਧਾਨ ਨੂੰ ਸਾਹਮਣੇ ਰੱਖ ਕੇ ਜੇਕਰ ਮੱਧਕਾਲੀ ਪੰਜਾਬੀ ਸਾਹਿਤ ਦਾ ਅਧਿਐਨ ਕਰੀਏ ਤਾਂ ਇਸ ਕਾਲ ਵਿੱਚ ਇਸ ਵਿਧਾ ਵਿਸ਼ੇਸ਼ ਦੇ ਅੰਸ਼ ਜ਼ਰੂਰ ਮਿਲਦੇ ਹਨ। ਮੱਧਕਾਲੀ ਸਾਹਿਤ ਵਿੱਚ ਸ਼ਾਮਿਲ ਸ਼ਬਦ: ਰਟਨ, ਭ੍ਰਮਨ, ਤੀਰਥ, ਯਾਤਰਾ, ਗਮਨ, ਉਦਾਸੀ, ਸਾਖੀ, ਫੇਰੀ, ਸੈਲ, ਪੰਧ, ਚੱਕਰ ਆਦਿ ਉਸ ਸਮੇਂ ਹੁੰਦੇ ਸਫ਼ਰਾਂ ਸਬੰਧੀ ਜਾਣਕਾਰੀ ਦਿੰਦੇ ਹਨ ਪਰ ਇਹ ਜ਼ਰੂਰ ਹੈ ਕਿ ਇਹਨਾਂ ਸਫ਼ਰਾਂ ਦੇ ਉਦੇਸ਼ ਅੱਜ ਦੇ ਸਫ਼ਰਾਂ ਮੁਕਾਬਲੇ ਭਿੰਨ ਹੁੰਦੇ ਸਨ: *"ਉਠ ਫਰੀਦਾ ਸੁਤਿਆ ਦੁਨੀਆਂ ਵੇਖਣ ਜਾਹ, ਮਤ ਕੋਈ ਬਖਸ਼ਿਆ ਹੋਵਈ ਤੂ ਵੀ ਬਖ਼ਸ਼ਿਆ ਜਾਹ।।"*[1] ਮੱਧਕਾਲ ਵਿਚਲੇ ਸਾਹਿਤ ਵਿਚੋਂ ਪ੍ਰਾਪਤ ਇਹਨਾਂ ਸਤਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਪ੍ਰਮਾਤਮਾ ਨੂੰ ਪਾਉਣ, ਦੁਨੀਆਂ ਨੂੰ ਰੱਬ ਰੂਪੀ ਸੱਚਾਈ ਤੋਂ ਜਾਣੂ ਕਰਵਾਉਣ, ਦੂਸਰੇ ਰਾਜ ਨੂੰ ਜਿੱਤਣ ਆਦਿ ਉਦੇਸ਼ਾਂ ਨੂੰ ਮੁੱਖ ਰੱਖਕੇ ਕੀਤੇ ਸਫ਼ਰ ਮਿਲਦੇ ਹਨ।

ਮੱਧਕਾਲੀ ਪੰਜਾਬੀ ਵਾਰਤਕ ਵਿਧਾਵਾਂ ਦੇ ਸਮੁੱਚੇ ਪ੍ਰਭਾਵ ਵਿਚੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਇਹਨਾਂ ਵਿਧਾਵਾਂ ਵਿੱਚ ਪੰਜਾਬੀ ਸਫ਼ਰਨਾਮਾ ਸਾਹਿਤ ਦੇ ਤੱਤ ਅੰਸ਼ਿਕ ਰੂਪ ਵਜੋਂ ਪ੍ਰਤੱਖ ਮਿਲਦੇ ਹਨ। ਮੱਧਕਾਲ ਦੀਆਂ ਵਾਰਤਕ ਵਿਧਾਵਾਂ ਵਿਚੋਂ ਜਨਮਸਾਖੀ ਵਿਧਾ ਹੀ ਇੱਕੋ-ਇੱਕ ਅਜਿਹੀ ਵਿਧਾ ਹੈ ਜਿਸਨੂੰ ਇੱਕ ਸੰਪੂਰਨ ਵਾਰਤਕ ਵਿਧਾ ਦਾ ਦਰਜਾ ਪ੍ਰਾਪਤ ਹੋਇਆ ਹੈ। ਇਸਨੂੰ ਬਾਕੀ ਵਾਰਤਕ ਵਿਧਾਵਾਂ ਦੀ ਜਨਮਦਾਤੀ ਮੰਨਿਆ ਜਾ ਸਕਦਾ ਹੈ। ਇਸ ਵਿੱਚ ਗੁਰੂ ਜੀ ਦੇ ਜਨਮ ਤੋਂ ਜੋਤੀ-ਜੋਤਿ ਸਮਾਉਣ ਤੱਕ ਦਾ ਜੀਵਨ ਬ੍ਰਿਤਾਂਤ ਲੜੀਵਾਰ ਚੱਲਦਾ ਹੈ। ਜਨਮਸਾਖੀ ਤੋਂ ਭਾਵ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਜੀਵਨ ਬ੍ਰਿਤਾਂਤ ਹੈ ਜਿਸ ਵਿੱਚ ਅਨੇਕਾਂ ਸਾਖੀਆਂ ਜਾਂ ਗੋਸਟਾਂ ਨੂੰ ਜੀਵਨ ਵਿਕਾਸ ਦੇ ਸਿਲਸਿਲੇ ਵਿੱਚ ਦਰਜ ਕੀਤਾ ਗਿਆ ਹੈ ਕਿਉਂਕਿ ਬਾਕੀ ਦੀਆਂ ਵਿਧਾਵਾਂ ਦਾ ਜਨਮ ਵੀ ਇਸ ਤੋਂ ਹੀ ਹੋਇਆ ਹੈ।

ਜਨਮਸਾਖੀਆਂ ਗੁਰੂ ਜੀ ਦੇ ਅਧਿਆਤਮਕ ਜੀਵਨ ਦਾ ਵਿਸਥਾਰ ਹਨ ਜਿਸ ਵਿੱਚ ਸਾਖੀ, ਪਰਚੀ, ਹੁਕਮਨਾਮੇ, ਰਹਿਤਨਾਮੇ, ਉਥਾਨਿਕਾ ਅਤੇ ਅਨੁਵਾਦ ਆਦਿ ਮੱਧਕਾਲੀ ਸਾਹਿਤ ਰੂਪ ਸਮਾਏ ਹੋਏ ਹਨ ਕਿਉਂਕਿ ਇਹ ਸਭ ਜਨਮਸਾਖੀਆਂ ਵਿੱਚ ਆ ਜਾਂਦੇ ਹਨ। ਜਨਮਸਾਖੀਆਂ ਗੁਰੂ ਜੀ ਦੇ ਜੀਵਨ ਦਾ ਪੜਾਅ-ਦਰ-ਪੜਾਅ ਪੂਰਾ ਵੇਰਵਾ ਦਿੰਦੀਆਂ ਹਨ ਜਦੋਂ ਕਿ ਮੱਧਕਾਲ ਦੇ ਹੋਰ ਵਾਰਤਕ ਰੂਪ ਗੁਰੂਆਂ ਦੇ ਜੀਵਨ ਦੇ ਇੱਕ-ਇੱਕ ਪੜਾਅ ਨੂੰ ਲੈ ਕੇ ਚੱਲਦੇ ਹਨ। ਇੱਥੇ ਹੀ ਬਸ ਨਹੀਂ ਮੱਧਕਾਲ ਦੀ ਇਹ ਵਾਰਤਕ ਵੰਨਗੀ ਆਧੁਨਿਕ ਯੁੱਗ ਭਾਵ 20ਵੀਂ ਸਦੀ ਦੇ ਨਵੇਂ ਵਾਰਤਕ ਰੂਪ ਪੰਜਾਬੀ ਸਫ਼ਰਨਾਮਾ ਸਾਹਿਤ ਦੇ ਵੀ ਕੁਝ ਅੰਸ਼ ਆਪਣੇ ਅੰਦਰ ਸਮੋਣ ਦੀ ਵਿਸ਼ੇਸ਼ਤਾ ਰੱਖਦੀ ਹੈ। ਇਹ ਗੱਲ ਵੀ ਸਹੀ ਹੈ ਕਿ ਘੁੰਮਣਾ ਫਿਰਨਾ, ਸੈਰਾਂ ਕਰਨਾ ਤਾਂ ਮਨੁੱਖ ਦਾ ਸ਼ੌਂਕ ਸ਼ੁਰੂ ਤੋਂ ਰਿਹਾ ਹੈ। *"ਪ੍ਰਾਚੀਨ ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਮੌਜੂਦ ਸੀ, ਜਨਮਸਾਖੀਆਂ ਵਿਚ ਇਸਦੇ ਭਰਪੂਰ ਅੰਸ਼ ਮਿਲਦੇ ਹਨ।*[2] ਜਨਮਸਾਖੀਆਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਉਦਾਸੀਆਂ ਕਰਦਿਆਂ ਦਿਖਾਇਆ ਗਿਆ ਹੈ :

*"ਸ੍ਰੀ ਸਤਿਗੁਰ ਪ੍ਰਸਾਦਿ। ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ*

*ਤਿਤ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ।*[3]

ਗੁਰੂ ਜੀ ਦੀਆਂ ਜਨਮਸਾਖੀਆਂ ਜੀਵਨੀ ਰੂਪਕ ਰਚਨਾਵਾਂ ਹਨ ਜਿਹਨਾਂ ਵਿੱਚ ਗੁਰੂ ਜੀ ਦੇ ਜੀਵਨ ਦੇ ਹਰ ਪੱਖ ਨੂੰ ਉਘਾੜਿਆ ਗਿਆ ਹੈ। ਇਹਨਾਂ ਹੀ ਪੱਖਾਂ ਵਿਚੋਂ ਇੱਕ ਪੱਖ ਇਹ ਵੀ ਹੈ ਕਿ ਇਹਨਾਂ ਨੇ ਚਾਰ ਦਿਸ਼ਾਵਾਂ ਦੀਆਂ ਉਦਾਸੀਆਂ ਕੀਤੀਆਂ। *"ਜਨਮਸਾਖੀਆਂ ਦੇ ਆਧਾਰ ਤੇ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੇ ਚਾਰੇ ਦਿਸ਼ਾਵਾਂ ਵਿਚ ਭਾਰਤ ਦੇ ਅੰਦਰ ਅਤੇ ਬਾਹਰਲੇ ਦੇਸ਼ਾਂ ਦੀ ਦੂਰ-ਦੂਰ ਤੱਕ ਯਾਤਰਾ ਕੀਤੀ।* [4] ਪੁਰਾਤਨ ਜਨਮਸਾਖੀ ਵਿੱਚ ਗੁਰੂ ਜੀ ਦੁਆਰਾ ਕੀਤੀਆਂ ਪੰਜ ਉਦਾਸੀਆਂ ਦਾ ਵਰਣਨ ਮਿਲਦਾ ਹੈ ਜਦੋਂ ਕਿ ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਜਨਮਸਾਖੀ ਭਾਈ ਮਨੀ ਸਿੰਘ ਵਿੱਚ ਇਹਨਾਂ ਦੀ ਗਿਣਤੀ ਚਾਰ ਹੈ।

ਇਹਨਾਂ ਜਨਮਸਾਖੀਆਂ ਵਿੱਚ ਪ੍ਰਾਪਤ ਵੱਖ-ਵੱਖ ਥਾਵਾਂ ਦੀਆਂ ਉਦਾਸੀਆਂ ਦੇ ਵੇਰਵੇ ਜਨਮਸਾਖੀ ਪ੍ਰੰਪਰਾ ਵਿੱਚ ਸਫ਼ਰਨਾਮਾ ਸਾਹਿਤ ਦੇ ਕੁਝ ਅੰਸ਼ਾਂ ਦੇ ਹੋਣ ਦੀ ਗਵਾਹੀ ਭਰਦੇ ਹਨ ਕਿਉਂਕਿ ਇਹਨਾਂ ਵਿੱਚ ਗੁਰੂ ਜੀ ਜਿੱਥੇ-ਜਿੱਥੇ ਗਏ, ਉਹਨਾਂ ਥਾਵਾਂ ਦੇ ਨਾਵਾਂ ਦੇ ਨਾਲ-ਨਾਲ ਉੱਥੋਂ ਦੇ ਲੋਕਾਂ ਬਾਰੇ, ਉਹਨਾਂ ਦੇ ਧਾਰਮਕ ਵਿਸ਼ਵਾਸਾਂ ਬਾਰੇ, ਉਹਨਾਂ ਥਾਵਾਂ ਤੱਕ ਪਹੁੰਚਣ ਵਾਲੇ ਰਾਹਾਂ ਬਾਰੇ ਵੀ ਕੁਝ ਜਾਣਕਾਰੀ ਮਿਲਦੀ ਹੈ। ਜਨਮਸਾਖੀ ਪ੍ਰੰਪਰਾ ਨੂੰ ਸਫ਼ਰ ਸਾਹਿਤ ਦਾ ਆਧਾਰ ਤਾਂ ਮੰਨਿਆ ਜਾ ਸਕਦਾ ਹੈ ਪਰ ਇਸਦਾ ਮੰਤਵ ਪੂਰਨ ਤੌਰ ਤੇ ਸਫ਼ਰਨਾਮੇ ਵਾਲਾ ਨਹੀਂ ਸੀ। *"ਗੁਰੂ ਨਾਨਕ ਦੇਵ ਜੀ ਮਹਾਨ ਯਾਤਰੂ ਸਨ। ਉਨ੍ਹਾਂ ਨੇ ਚਾਰ ਉਦਾਸੀਆਂ ਕੀਤੀਆਂ। ਇਨ੍ਹਾਂ ਵਿਚ ਉਨ੍ਹਾਂ ਨੇ ਕਈ ਇਲਾਕਿਆਂ ਅਤੇ ਕਈ ਦੇਸ਼ਾਂ ਦਾ ਰਟਨ ਕੀਤਾ। ਉਨ੍ਹਾਂ ਦੀਆਂ ਉਦਾਸੀਆਂ ਉਤੇ ਕਈ ਸਾਖੀਆਂ ਲਿਖੀਆਂ ਗਈਆਂ। ਬਸ ਇਨ੍ਹਾਂ ਉਦਾਸੀਆਂ ਦੇ ਸਥਾਨਾਂ ਤੇ ਪਾਤਰਾਂ ਦੇ ਵਰਣਨ ਵਿਚ ਹੀ ਪੰਜਾਬੀ ਸਫ਼ਰਨਾਮਾ ਜਨਮ ਲੈਂਦਾ ਹੈ।*[5] ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਨਮਸਾਖੀ ਪ੍ਰੰਪਰਾ ਵਿੱਚ ਸਫ਼ਰਨਾਮਾ ਵਿਧਾ ਦੇ ਕੁਝ ਕਣ ਮੌਜੂਦ ਹਨ ਪਰ ਸਫ਼ਰ ਸਾਹਿਤ ਦਾ ਸਬੰਧ ਸਿਰਫ਼ ਸਫ਼ਰ ਕਰਨ ਨਾਲ ਹੁੰਦਾ ਹੈ ਅਰਥਾਤ ਸਫ਼ਰਨਾਮਾ ਸਾਹਿਤ ਦੀ ਉਤਪੱਤੀ ਤਾਂ ਹੀ ਹੋਵੇਗੀ ਜੇਕਰ ਸਫ਼ਰ ਕੀਤਾ ਜਾਵੇਗਾ। ਕਿਸੇ ਵੀ ਰਚਨਾ ਨੂੰ ਸਫ਼ਰ ਸਾਹਿਤ ਵਿੱਚ ਉਦੋਂ ਸ਼ਾਮਿਲ ਕੀਤਾ ਜਾਂਦਾ ਹੈ ਜਦੋਂ ਸਫ਼ਰ ਕਰਨ ਵਾਲਾ ਖ਼ੁਦ ਆਪਣੀ ਇਸ ਯਾਤਰਾ ਦੇ ਕੌੜੇ ਮਿੱਠੇ ਅਨੁਭਵਾਂ ਨੂੰ ਆਪ ਕਲਮਬੱਧ ਕਰਦਾ ਹੈ। ਸੋ ਜੇਕਰ ਇਸਦੇ ਕੁਝ ਅੰਸ਼ ਕਿਸੇ ਹੋਰ ਸਾਹਿਤਕ ਵਿਧਾ ਵਿੱਚ ਮਿਲਦੇ ਹਨ ਤਾਂ ਉਸਦਾ ਸਫ਼ਰ ਨਾਲ ਕੁਝ ਨਾ ਕੁਝ ਸਬੰਧ ਹੋਣਾ ਲਾਜ਼ਮੀ ਹੈ ਪ੍ਰੰਤੂ ਇਸਨੂੰ ਸਫ਼ਰਨਾਮਾ ਕਹਿਣਾ ਉਚਿਤ ਨਹੀਂ ਹੋਵੇਗਾ।

ਜਨਮਸਾਖੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਯਾਤਰਾਵਾਂ, 'ਉਦਾਸੀਆਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। 'ਉਦਾਸੀ' ਸ਼ਬਦ ਦਾ ਵਿਉਂਤਪੱਤੀਮੂਲਕ ਅਰਥ ਹੈ - ਸੰਸਾਰ ਤੋਂ ਨਿਰਾਸ਼ ਅਤੇ ਸੰਸਾਰੀ ਭਾਵਨਾਵਾਂ ਤੋਂ ਦੂਰ ਰਹਿਣ ਵਾਲੇ ਸੰਤ ਦੀ ਰਹਿਣੀ-ਬਹਿਣੀ ਅਤੇ ਉਸਦੀ ਜੀਵਨ-ਦ੍ਰਿਸ਼ਟੀ ਨੂੰ 'ਉਦਾਸ ਮਤਾ ਕਿਹਾ ਜਾਂਦਾ ਹੈ। ਘਰ-ਬਾਰ ਛੱਡ ਕੇ ਗਿਆਨ ਪ੍ਰਾਪਤੀ ਲਈ ਦੇਸ-ਪ੍ਰਦੇਸ ਦੀਆਂ ਲੰਮੀਆਂ ਯਾਤਰਾਵਾਂ ਨੂੰ 'ਉਦਾਸੀ' ਕਿਹਾ ਜਾਂਦਾ ਹੈ। ਸੰਸਾਰ ਦੇ ਮੋਹ-ਜਾਲ ਨੂੰ ਤਿਆਗ ਕੇ ਅਕਾਲ-ਪੁਰਖ ਪ੍ਰਮਾਤਮਾ ਦੇ ਵਿਰਾਟ-ਰੂਪ ਦਾ ਅਨੁਭਵ ਕਰਨ ਲਈ ਗੁਰੂ ਜੀ ਉਦਾਸੀ ਲਈ ਨਿਕਲ ਤੁਰੇ। ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ:- *"ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ, ਚੜ੍ਹਿਆ ਸੋਧਣ ਧਰਤਿ ਲੁਕਾਈ।" (ਵਾਰ ਪਉੜੀ 24/7-8)।* ਗੁਰੂ ਜੀ ਦੇ ਉਦਾਸੀ ਰੂਪ ਧਾਰਨ ਦਾ ਇੱਕੋ-ਇੱਕ ਉਦੇਸ਼ ਭਟਕ ਰਹੀ ਲੋਕਾਈ ਨੂੰ ਸਿੱਧੇ ਰਾਹ ਪਾਉਣਾ ਸੀ। ਜਿਸ ਸਦਕਾ ਗੁਰੂ ਜੀ ਨੇ ਦੂਰ-ਦੁਰਾਡੇ ਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ ਕਿਉਂਕਿ ਉਹ ਮਨੁੱਖਤਾ ਵਿਚਲੀ ਅਗਿਆਨਤਾ ਨੂੰ ਦੂਰ ਕਰਕੇ ਉਹਨਾਂ ਵਿੱਚ ਜਾਗ੍ਰਿਤੀ ਲਿਆਉਣ ਦੇ ਮਿਸ਼ਨ ਨੂੰ ਕੇਵਲ ਆਪਣੇ ਦੇਸ ਤੱਕ ਹੀ ਸੀਮਤ ਨਹੀਂ ਕਰਨਾ ਚਾਹੁੰਦੇ ਸਨ ਸਗੋਂ ਸਾਰੇ ਸੰਸਾਰ ਵਿੱਚ ਫੈਲਾਉਣਾ ਚਾਹੁੰਦੇ ਸਨ। ਇੰਝ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਧਰਤੀ ਦੀਆਂ 'ਸੋਧ ਯਾਤਰਾਵਾਂ ਕਹੀਆਂ ਜਾ ਸਕਦੀਆਂ ਹਨ।

ਕਈ ਵਿਦਵਾਨ ਸਫ਼ਰਨਾਮਾ ਵਿਧਾ ਜਿਸਨੇ ਥੋੜ੍ਹੇ ਸਮੇਂ ਤੋਂ ਹੀ ਆਪਣੀ ਪੰਜਾਬੀ ਸਾਹਿਤ ਵਿੱਚ ਆਜ਼ਾਦ, ਵੱਖਰੀ ਹੋਂਦ ਸਥਾਪਤ ਕੀਤੀ ਹੈ, ਬਾਰੇ ਤਰਦੀ-ਤਰਦੀ ਜਾਣਕਾਰੀ ਹੀ ਰੱਖਦੇ ਹਨ, ਉਹ ਗੁਰੂ ਜੀ ਦੁਆਰਾ ਕੀਤੀਆਂ ਉਦਾਸੀਆਂ ਨੂੰ ਸਫ਼ਰਨਾਮਾ ਹੀ ਮੰਨਦੇ ਹਨ, *"ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਪੰਜਾਬੀ ਦੇ ਮੁੱਢਲੇ ਸਾਹਿਤਕ ਸਫ਼ਰਨਾਮੇ ਹਨ।*[6] ਇਸ ਅਨੁਸਾਰ ਪ੍ਰੋ. ਪਿਆਰਾ ਸਿੰਘ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਉਦਾਸੀਆਂ ਨੂੰ ਸ਼ੁਰੂ ਦੇ ਪਹਿਲੇ ਸਫ਼ਰਨਾਮਿਆਂ ਦੀ ਸੰਗਿਆ ਵਿੱਚ ਰੱਖਦਾ ਹੈ ਪਰ ਇਹ ਕਹਿਣਾ ਠੀਕ ਨਹੀਂ। ਇੱਥੇ ਇੰਝ ਤਾਂ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮੇ ਦੇ ਕੁਝ ਅੰਸ਼ ਉਦਾਸੀਆਂ ਵਿੱਚ ਮੁੱਢ ਤੋਂ ਹੀ ਮੌਜੂਦ ਹਨ ਪ੍ਰੰਤੂ ਇਹਨਾਂ ਨੂੰ ਮੁੱਢਲੇ ਸਫ਼ਰਨਾਮੇ ਜਾਂ ਕਿਸੇ ਵੀ ਤਰ੍ਹਾਂ ਦੇ ਸਾਹਿਤਕ ਸਫ਼ਰਨਾਮੇ ਕਹਿਣਾ ਠੀਕ ਨਹੀਂ ਕਿਉਂਕਿ ਗੁਰੂ ਜੀ ਦਾ ਉਦਾਸੀਆਂ ਕਰਨ ਦਾ ਕੇਵਲ ਤੇ ਕੇਵਲ ਇੱਕੋ ਮੰਤਵ ਭਟਕੀ ਲੋਕਾਈ ਨੂੰ ਸਿੱਧੇ ਰਾਹ ਪਾਉਣਾ ਸੀ, ਇਸ ਵਿੱਚ ਕਿਧਰੇ ਵੀ ਸਫ਼ਰਨਾਮੇ ਵਾਲਾ ਉਦੇਸ਼ ਨਹੀਂ ਹੈ ਜੋ ਕਿ ਸਿਰਫ਼ ਤੇ ਸਿਰਫ਼ ਸਫ਼ਰ ਕਰਨਾ ਅਤੇ ਇਸ ਨਾਲ ਪ੍ਰਾਪਤ ਅਨੁਭਵਾਂ ਨਾਲ ਪਾਠਕ ਵਰਗ ਦਾ ਗਿਆਨ ਵਿਸ਼ਾਲ ਕਰਨਾ ਹੁੰਦਾ ਹੈ।

ਕੁਝ ਵਿਦਵਾਨ ਮੱਧਕਾਲ ਵਿੱਚ ਪ੍ਰਾਪਤ ਜਨਮਸਾਖੀਆਂ ਵਿਚਲੀਆਂ ਉਦਾਸੀਆਂ ਨੂੰ ਲਘੂ ਰੂਪ ਦੇ ਸਫ਼ਰਨਾਮੇ ਕਹਿੰਦੇ ਹਨ, ਇਸ ਬਾਰੇ ਇਹਨਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਸਫ਼ਰਨਾਮਾ ਭਾਵੇਂ ਲਘੂ ਰੂਪ ਵਿੱਚ ਹੋਵੇ ਚਾਹੇ ਵਿਸਤ੍ਰਿਤ ਵਿੱਚ ਪਰ ਉਸ ਵਿੱਚ ਇੱਕ ਸਫ਼ਰਨਾਮੇ ਦੇ ਸਾਰੇ ਤੱਤ ਹੋਣ ਜੋ ਉਸਨੂੰ ਸਫ਼ਰਨਾਮਾ ਕਹਾਉਣ ਵਿੱਚ ਮੱਦਦ ਕਰਨ। ਇਸ ਤੋਂ ਬਿਨਾਂ ਸਫ਼ਰਨਾਮੇ ਦਾ ਅਰਥ ਕਿਸੇ ਵਿਅਕਤੀ ਦੁਆਰਾ ਆਪਣੇ ਸਫ਼ਰ ਦੇ ਤਜ਼ਰਬਿਆਂ ਬਾਰੇ ਲਿਖੀ ਚਿੱਠੀ/ਪੁਸਤਕ ਹੁੰਦਾ ਹੈ ਜਦੋਂ ਕਿ ਉਦਾਸੀ ਤੋਂ ਭਾਵ ਉਪਰਾਮ ਚਿੱਤ ਹੋ ਕੇ ਘਰੋਂ ਨਿਕਲ ਤੁਰਨਾ। ਸਫ਼ਰਨਾਮੇ ਰਾਹੀਂ ਲੇਖਕ ਖ਼ੁਦ ਜਿਸ ਵਿਸ਼ੇਸ਼ ਥਾਂ ਤੇ ਗਿਆ ਹੁੰਦਾ ਹੈ ਉੱਥੋਂ ਬਾਰੇ ਆਪਣੇ ਅਨੁਭਵਾਂ ਨੂੰ ਪੁਸਤਕ ਰੂਪ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ ਤੇ ਉਦਾਸੀ ਪ੍ਰੰਪਰਾ ਵਿੱਚ ਇਹਨਾਂ ਦੀ ਰਚਨਾ ਗੁਰੂ ਜੀ ਦੇ ਸ਼ਰਧਾਲੂਆਂ ਦੁਆਰਾ ਕੀਤੀ ਗਈ ਹੈ। ਇਸ ਤਰ੍ਹਾਂ ਇਹਨਾਂ ਵਿਚਲੇ ਵੇਰਵਿਆਂ ਦੀ ਪ੍ਰਮਾਣਿਕਤਾ ਤੇ ਉਂਗਲੀ ਉੱਠ ਸਕਦੀ ਹੈ ਕਿਉਂਕਿ ਸ਼ਰਧਾਵੱਸ ਇਹਨਾਂ ਵਿੱਚ ਕੁਝ ਵਧਾਇਆ-ਚੜ੍ਹਾਇਆ ਹੋ ਸਕਦਾ ਹੈ। ਮੰਨਿਆ ਕਿ ਦੋਨੋਂ ਸਫ਼ਰੀ ਸਫ਼ਰ ਤੇ ਜਾਂਦੇ ਹਨ ਉੱਥੋਂ ਦੇ ਲੋਕਾਂ, ਥਾਵਾਂ ਬਾਰੇ ਦੱਸਦੇ ਹਨ ਪਰ ਇਸ ਤੋਂ ਅੱਗੇ ਉਹਨਾਂ ਦੇ ਰਾਹ ਅਲੱਗ-ਅਲੱਗ ਹੋ ਜਾਂਦੇ ਹਨ। ਉਦਾਸੀਆਂ ਵਿੱਚ ਗੁਰੂ ਨਾਨਕ ਦੇਵ ਜੀ ਕਿਸੇ ਵਿਸ਼ੇਸ਼ ਸਥਾਨ ਦੇ ਲੋਕਾਂ ਨੂੰ ਸੱਚੇ ਮਾਰਗ ਤੇ ਚੱਲਣ ਦੀ ਸਿੱਖਿਆ ਦਿੰਦੇ ਹਨ, ਜਿਸ ਵਿੱਚ ਧਾਰਮਕ ਪੱਖ ਉੱਘੜਕੇ ਸਾਹਮਣੇ ਆਉਂਦਾ ਹੈ ਜਦੋਂ ਕਿ ਸਫ਼ਰਨਾਮਾਕਾਰ ਵਿਸ਼ੇਸ਼ ਥਾਂ ਦੇ ਲੋਕਾਂ, ਉੱਥੋਂ ਦੇ ਭੂਗੋਲ, ਸਮਾਜ, ਰਾਜਨੀਤੀ, ਧਰਮ, ਸੱਭਿਆਚਾਰ, ਆਰਥਕਤਾ, ਵਿਗਿਆਨ, ਮਿਥਿਹਾਸਕ ਕਥਾਵਾਂ ਆਦਿ ਬਾਰੇ ਜਾਣਕਾਰੀ ਦਿੰਦਾ ਹੋਇਆ ਇਹਨਾਂ ਨੂੰ ਆਪਣੇ

ਸਫ਼ਰ ਦੇ ਹੱਡੀਂ ਹੰਢਾਏ ਅਨੁਭਵਾਂ ਨਾਲ ਮੇਲ ਕੇ ਕਲਮਬੱਧ ਕਰਦਾ ਹੈ। ਉਦਾਸੀਆਂ ਵਿੱਚ ਸਫ਼ਰਨਾਮੇ ਦਾ ਇੱਕ ਅੱਧਾ ਤੱਤ ਭਾਵੇਂ ਮਿਲਦਾ ਹੋਵੇ ਪਰ ਜਨਮਸਾਖੀਆਂ ਨੂੰ ਸਫ਼ਰਨਾਮਾ ਕਹਿਣਾ ਮੂਲੋਂ ਹੀ ਗਲਤ ਹੋਵੇਗਾ।

ਜਨਮਸਾਖੀ ਸਾਹਿਤ ਵਿੱਚ ਵਿਸ਼ੇਸ਼ ਵਿਅਕਤੀ ਦੇ ਜਨਮ ਤੋਂ ਉਮਰ ਦੇ ਅੰਤਿਮ ਪੜਾਅ ਤੱਕ ਦੀਆਂ ਗਤੀਵਿਧੀਆਂ ਦਾ ਵਿਸਥਾਰ ਸ਼ਾਮਿਲ ਹੁੰਦਾ ਹੈ। ਜਨਮਸਾਖੀ ਪ੍ਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਯਾਤਰਾਵਾਂ 'ਉਦਾਸੀਆਂ' ਦੇ ਰੂਪ ਵਜੋਂ ਸ਼ਾਮਿਲ ਹਨ। ਇਹਨਾਂ ਯਾਤਰਾਵਾਂ ਦਾ ਉਲੇਖ ਹੀ ਸਫ਼ਰਨਾਮਾ ਸਾਹਿਤ ਦੇ ਪੁਰਾਤਨ ਬੀਜ ਰੂਪ ਨੂੰ ਇਸ ਅੰਦਰ ਸਮੋਏ ਹੋਣ ਦੀ ਹਾਮੀ ਭਰਨ ਵਿੱਚ ਮੱਦਦ ਕਰਦਾ ਹੈ ਤੇ ਨਾਲ ਦੀ ਨਾਲ ਇਹ ਵੀ ਸਪੱਸ਼ਟ ਕਰਦਾ ਹੈ ਕਿ ਸਫ਼ਰ ਸਾਹਿਤ ਦੇ ਕੁਝ ਕਣ ਜੋ ਇਸ ਵਿੱਚ ਮੌਜੂਦ ਹਨ ਇਹ ਮੁੱਢਲੇ ਯਾਤਰਾ ਸਾਹਿਤ ਦੇ ਯਤਨ ਤਾਂ ਕਹੇ ਜਾ ਸਕਦੇ ਹਨ ਪਰ ਇਹਨਾਂ ਨੂੰ ਸਫ਼ਰਨਾਮਾ ਮੰਨ ਲੈਣਾ ਠੀਕ ਨਹੀਂ ਹੋਵੇਗਾ। ਹੁਣ ਇਸਦਾ ਨਿਤਾਰਾ ਕਰਨ ਲਈ ਇਹਨਾਂ ਦੋਨਾਂ ਸਾਹਿਤ ਰੂਪਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਦੇ ਹਾਂ। ਮੰਨਿਆ ਕਿ ਆਧੁਨਿਕ ਸਾਹਿਤ ਦੀ ਸ਼ੁਰੂਆਤ ਸਮੇਂ ਜਦੋਂ ਅਜੇ ਸਫ਼ਰਨਾਮਾ ਸਾਹਿਤ ਆਪਣੀ ਵੱਖਰੀ ਹੋਂਦ ਸਥਾਪਤ ਨਹੀਂ ਸੀ ਕਰ ਸਕਿਆ ਤੇ ਉਦੋਂ ਇਸਦੀ ਪਛਾਣ ਕਰਵਾਉਣ ਵਾਲੇ ਤੱਤਾਂ ਵੱਲ ਵਿਦਵਾਨਾਂ ਨੇ ਧਿਆਨ ਨਾ ਦੇ ਕੇ ਉਦਾਸੀਆਂ ਨੂੰ ਮੁੱਢਲੇ ਸਫ਼ਰਨਾਮੇ ਕਹਿ ਦਿੱਤਾ ਹੋਵੇ ਪਰ ਅੱਜ ਜਦਕਿ ਸਫ਼ਰ ਸਾਹਿਤ ਪੂਰੇ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ ਤਾਂ ਤੱਤਾਂ ਦੇ ਆਧਾਰ ਤੇ ਇਸਨੂੰ ਉਦਾਸੀ ਪ੍ਰੰਪਰਾ ਤੋਂ ਵੱਖਰਾਇਆ ਜਾ ਸਕਦਾ ਹੈ।

ਸਫ਼ਰ ਨੂੰ ਸਫ਼ਰ ਸਾਹਿਤ ਬਣਾਉਣ ਵਾਲੇ ਤੱਤਾਂ ਨੂੰ ਜਨਮਸਾਖੀ ਪ੍ਰੰਪਰਾ ਵਿਚੋਂ ਲੱਭਕੇ ਇਹਨਾਂ ਦੋਨਾਂ ਵਿਚਲੀ ਸਾਂਝ ਅਤੇ ਵੱਖਰਤਾ ਦਾ ਨਿਤਾਰਾ ਕੀਤਾ ਜਾ ਸਕਦਾ ਹੈ। ਸਫ਼ਰਨਾਮਿਆਂ ਵਿੱਚ ਕਿਸੇ ਵਿਸ਼ੇਸ਼ ਥਾਂ ਦੇ ਸਮਾਜਕ, ਆਰਥਕ, ਰਾਜਨੀਤਕ, ਧਾਰਮਕ, ਸੱਭਿਆਚਾਰਕ ਆਦਿ ਕਿਸੇ ਵੀ ਪੱਖ ਨੂੰ ਕੇਂਦਰ ਵਿੱਚ ਵਿਸ਼ੇ ਦੇ ਰੂਪ ਵਿੱਚ ਰੱਖ ਕੇ ਦੂਜਿਆਂ ਨੂੰ ਗੌਣ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਜਦੋਂ ਕਿ ਉਦਾਸੀਆਂ/ਜਨਮਸਾਖੀਆਂ ਦਾ ਵਿਸ਼ਾ ਕੇਵਲ ਤੇ ਕੇਵਲ ਧਾਰਮਕ ਪੱਖ ਨੂੰ ਲੈ ਕੇ ਅੱਗੇ ਵੱਧਦਾ ਹੈ। ਸਫ਼ਰ ਸਾਹਿਤ ਵਿੱਚ ਕਿਸੇ ਸਥਾਨ ਵਿਸ਼ੇਸ਼ ਬਾਰੇ ਭੂਗੋਲਕ, ਉੱਥੋਂ ਦੇ ਆਲੇ-ਦੁਆਲੇ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ ਜਦੋਂ ਕਿ ਉਦਾਸੀਆਂ ਵਿੱਚ ਇੰਨੇ ਗਹਿਨ ਨਾਲ ਸਥਾਨਕਤਾ ਉੱਤੇ ਧਿਆਨ ਨਹੀਂ ਦਿੱਤਾ ਜਾਂਦਾ ਕਿਉਂਕਿ ਇਹਨਾਂ ਵਿੱਚ ਜਿਆਦਾਤਰ ਉੱਥੋਂ ਦੇ ਲੋਕ ਅਤੇ ਉਹਨਾਂ ਦੀਆਂ ਧਾਰਮਕ ਰਹੁ-ਰੀਤਾਂ ਨੂੰ ਹੀ ਫੋਕਸ ਕੀਤਾ ਗਿਆ ਹੁੰਦਾ ਹੈ। ਸਫ਼ਰਨਾਮਾ ਤੱਥਾਂ ਤੇ ਆਧਾਰਿਤ ਰਚਨਾ ਹੁੰਦੀ ਹੈ ਜੋ ਆਉਣ ਵਾਲੇ ਸਮੇਂ ਲਈ ਇਤਿਹਾਸਕ ਪ੍ਰਮਾਣ ਬਣ ਸਕਦੀ ਹੈ। ਤੱਥਾਂ ਕਰਕੇ ਵੀ ਇਹ ਅੱਜ ਦੇ ਸਾਹਿਤ ਵਿੱਚ ਜਿਆਦਾ ਮਹੱਤਵਪੂਰਨ ਸਥਾਨ ਬਣਾਉਣ ਵਿੱਚ ਕਾਮਯਾਬ ਹੋਈ ਹੈ। ਇਸ ਤੋਂ ਇਲਾਵਾ 'ਉਦਾਸੀ' ਵਿੱਚ ਉਸ ਸਮੇਂ ਦੇ ਲੋਕਾਂ ਤੇ ਉਹਨਾਂ ਦੇ ਵਹਿਮਾਂ-ਭਰਮਾਂ ਬਾਰੇ ਜਾਣਕਾਰੀ ਮਿਲਦੀ ਹੈ ਪਰ ਇਹਨਾਂ ਦੇ ਸੱਚ ਹੋਣ ਬਾਰੇ ਕੋਈ ਗਵਾਹੀ ਨਹੀਂ ਮਿਲਦੀ ਕਿਉਂਕਿ ਹੋ ਸਕਦਾ ਹੈ ਸ਼ਰਧਾਵੱਸ ਹੋ ਕੇ ਲੇਖਕ ਨੇ ਹੀ ਆਪਣੇ ਕੋਲੋਂ ਕੁਝ ਨਾ ਕੁਝ ਜੋੜ ਦਿੱਤਾ ਹੋਵੇ, ਇਹ ਵੀ ਮੁਮਕਿਨ ਹੈ ਕਿ ਇਸ ਵਿਚੋਂ ਕੁਝ ਕੁ ਹੀ ਸਹੀ ਹੋਵੇ, ਇਸ ਬਾਰੇ ਸਪੱਸ਼ਟਤਾ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਨਿੰਜਤਵ ਦਾ ਗੁਣ ਸਫ਼ਰਨਾਮੇ ਵਿੱਚ ਜਾਨ ਭਰ ਦਿੰਦਾ ਹੈ, ਸਫ਼ਰਨਾਮਾ ਪੜ੍ਹਨ ਲੱਗਿਆਂ ਪਾਠਕ ਇਸ ਗੁਣ ਸਦਕਾ ਇੰਝ ਮਹਿਸੂਸ ਕਰਦਾ ਹੈ ਜਿਵੇਂ ਉਹ ਖ਼ੁਦ ਉਸ ਜਗ੍ਹਾ ਦੀ ਸੈਰ ਕਰ ਰਿਹਾ ਹੋਵੇ, ਇਸ ਨਾਲ ਉਸਦੀ ਰੁਚੀ ਇਸਨੂੰ ਪੜ੍ਹਨ ਵਿੱਚ ਹੋਰ ਵੱਧ ਜਾਂਦੀ ਹੈ ਜਦੋਂ ਕਿ 'ਉਦਾਸੀਆਂ' ਵਿੱਚ ਇਸ ਗੁਣ ਦੀ ਘਾਟ ਜਾਂ ਅਭਾਵ ਨਜ਼ਰ ਆਉਂਦਾ ਹੈ, 'ਸਿੱਧ ਗੋਸਟਿ', 'ਪੱਛਮ ਦੀ ਉਦਾਸੀ ਮੱਕਾ', 'ਕਉਡਾ ਰਾਖਸ਼' ਆਦਿ ਵਿੱਚ ਗੁਰੂ ਜੀ ਦਾ ਜਾਣਾ, ਪ੍ਰਵਚਨ ਕਰਨਾ ਆਦਿ ਆਉਂਦਾ ਹੈ। ਪਾਠਕ, ਜਿਹਨਾਂ ਦੇ ਮਨ ਵਿੱਚ ਇਹਨਾਂ ਲਈ ਅਪਾਰ ਸ਼ਰਧਾ, ਭਗਤੀ ਭਾਵਨਾ ਹੈ, ਆਪਣੇ-ਆਪ ਨੂੰ ਉਹਨਾਂ ਦੀ ਥਾਵੇਂ ਤੇ ਕਿਵੇਂ ਰੱਖ ਸਕਦਾ ਹੈ, ਦੂਜਾ ਇਹ ਵੀ ਹੈ ਕਿ ਇੱਕ ਆਮ ਮਨੁੱਖ ਵਾਂਗ ਇਹਨਾਂ ਵਿੱਚ ਅਜਿਹਾ ਕੁਝ ਨਹੀਂ ਹੁੰਦਾ ਜਾਂ ਵਾਪਰਦਾ ਕਿ ਪਾਠਕ ਆਪਣੇ-ਆਪ ਨੂੰ ਉਸ ਘਟਨਾ ਵਿੱਚ ਸ਼ਾਮਿਲ ਸਮਝ ਸਕੇ ਕਿਉਂਜੋ ਇਹਨਾਂ ਵਿੱਚ ਇੱਕ ਮਨੁੱਖ ਦੀ ਨਹੀਂ ਸਗੋਂ ਪਰਮ ਮਨੁੱਖ ਦੀ ਗੱਲ ਕੀਤੀ ਗਈ ਹੁੰਦੀ ਹੈ। ਇਹ ਮੰਨਣਯੋਗ ਸੱਚਾਈ ਹੈ ਕਿ ਇਹਨਾਂ ਦੋਵਾਂ ਰਚਨਾਵਾਂ ਵਿੱਚ ਰੌਚਕਤਾ ਬਹੁਤ ਹੁੰਦੀ ਹੈ ਜੋ ਇਹਨਾਂ ਵਿੱਚ ਸਮਾਨਤਾ ਲਿਆਉਣ ਵਿੱਚ ਮੱਦਦ ਕਰਦੀ ਹੈ। ਗੁਰੂ ਜੀ ਦੁਆਰਾ ਕੀਤੀਆਂ ਉਦਾਸੀਆਂ ਸਮੇਂ ਪ੍ਰਾਪਤ ਸਾਖੀਆਂ ਜਿਵੇਂ 'ਸੱਜਣ ਠੱਗ', 'ਮੁਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ', 'ਵਸਦਾ ਰਹੇ ਉਜੜ ਜਾਵੇ', 'ਮਰਦਾਨੇ ਦੀ ਭੁੱਖ ਗਵਾਈ' ਆਦਿ ਵਿਚਲੀ ਰੌਚਕਤਾ ਸੁਣਨ ਜਾਂ ਪੜ੍ਹਨ ਵਾਲੇ ਨੂੰ ਕੀਲ ਲੈਂਦੀ ਹੈ। ਸਫ਼ਰਨਾਮਿਆਂ ਵਿੱਚ ਵੀ ਸਫ਼ਰੀ ਨਾਲ ਸਫ਼ਰ ਸਮੇਂ ਵਾਪਰੀਆਂ ਘਟਨਾਵਾਂ ਵਿਚਲੇ ਚੰਗੇ ਤੇ ਮਾੜੇ ਅਨੁਭਵ ਪਾਠਕ ਦੀ ਦਿਲਚਸਪੀ ਉਸ ਪੁਸਤਕ ਵਿੱਚ ਬਣਾਈ ਰੱਖਦੇ ਹਨ।

ਸਫ਼ਰਨਾਮਾ ਸਫ਼ਰ ਕਰਨ ਵਾਲਾ ਮੁਸਾਫ਼ਿਰ ਆਪ ਲਿਖਦਾ ਹੈ। ਯਾਤਰੀ ਖ਼ੁਦ ਆਪਣੇ ਹੰਢਾਏ ਅਨੁਭਵਾਂ ਨੂੰ ਪਾਠਕਾਂ ਸਾਹਮਣੇ ਸਫ਼ਰਨਾਮੇ ਰਾਹੀਂ ਪੇਸ਼ ਕਰਦਾ ਹੈ। ਜਨਮਸਾਖੀਆਂ ਜਾਂ ਉਦਾਸੀਆਂ ਦੇ ਰਚੈਤਾ ਗੁਰੂ ਜੀ ਨਹੀਂ ਹਨ, ਕੋਈ ਹੋਰ ਹੈ ਸੋ ਆਪਣੀਆਂ ਯਾਤਰਾਵਾਂ ਸਮੇਂ ਗੁਰੂ ਜੀ ਨੇ ਜੋ-ਜੋ ਮਹਿਸੂਸ ਕੀਤਾ ਹੋਵੇਗਾ, ਕੋਈ ਦੂਸਰਾ ਕਿਵੇਂ ਬਿਆਨ ਕਰ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਗੁਰੂ ਜੀ ਦੇ ਕੁਝ ਕੁ ਅਨੁਭਵਾਂ ਨੂੰ ਬਿਆਨਿਆ ਗਿਆ ਹੋਵੇਗਾ ਤੇ ਕੁਝ ਨੂੰ ਛੱਡ ਦਿੱਤਾ ਗਿਆ ਹੋਵੇਗਾ। ਸਫ਼ਰ ਸਾਹਿਤ ਦਾ ਉਦੇਸ਼ ਲੋਕਾਂ ਨੂੰ ਵੱਖ-ਵੱਖ, ਦੂਰ-ਦੁਰੇਡੀਆਂ ਥਾਵਾਂ ਬਾਰੇ ਭਰਪੂਰ ਜਾਣਕਾਰੀ ਦੇਣਾ ਤੇ ਉਹਨਾਂ ਦੀਆਂ ਉਸ ਜਗ੍ਹਾ ਬਾਰੇ ਪੈਦਾ ਹੋਈਆਂ ਗਲਤ-ਫਹਿਮੀਆਂ ਨੂੰ ਦੂਰ ਕਰਨਾ ਅਤੇ ਪਾਠਕਾਂ ਨੂੰ ਇਹਨਾਂ ਸਫ਼ਰਨਾਮਿਆਂ ਵਿਚਲੀਆਂ ਅਤੇ ਦੂਜੀਆਂ ਥਾਵਾਂ ਦੀ ਸੈਰ ਕਰਨ ਲਈ ਪ੍ਰੇਰਨਾ ਹੈ ਜਦੋਂ ਕਿ ਉਦਾਸੀਆਂ ਦਾ ਉਦੇਸ਼ ਲੋਕਾਂ ਵਿੱਚ ਆ ਰਹੀ ਸਦਾਚਾਰਕ ਗਿਰਾਵਟ ਨੂੰ ਦੂਰ ਕਰਕੇ ਉਹਨਾਂ ਨੂੰ ਸਿੱਖਿਆ ਦੇ ਕੇ ਸਿੱਧਾ ਰਾਹ ਦਿਖਾਉਣਾ ਹੈ। ਉਸ ਸਮੇਂ ਹਿੰਦੂ ਤੇ ਮੁਸਲਮਾਨ ਦੋਵੇਂ ਧਰਮ ਦੇ ਮੂਲ-ਸਿਧਾਂਤਾਂ ਨੂੰ ਭੁੱਲ ਚੁੱਕੇ ਸਨ ਅਤੇ ਤਰ੍ਹਾਂ-ਤਰ੍ਹਾਂ ਦੇ ਵਿਅਰਥ ਰੀਤੀ-ਰਿਵਾਜ਼ਾਂ ਉੱਤੇ ਵਿਸ਼ਵਾਸ ਕਰਦੇ ਸਨ। ਦੈਵੀ ਗਿਆਨ ਦੀ ਪ੍ਰਾਪਤੀ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਵੱਧ ਤੋਂ ਵੱਧ ਲੋਕਾਂ ਵਿੱਚ ਈਸ਼ਵਰ ਦੀ ਸੱਚੇ ਦਿਲ ਨਾਲ ਭਗਤੀ ਦੇ ਸਿਧਾਂਤ ਦਾ ਪ੍ਰਚਾਰ ਕਰਨ ਦੇ ਉਦੇਸ਼ ਨਾਲ ਹੀ ਦੇਸਾਂ-ਵਿਦੇਸਾਂ ਦੀ ਯਾਤਰਾ ਕਰਨ ਦਾ ਨਿਸਚਾ ਕੀਤਾ। ਸਫ਼ਰਨਾਮਿਆਂ ਦੀ ਭਾਸ਼ਾ ਆਮ ਭਾਸ਼ਾ ਦੇ ਨੇੜਲੀ ਸਰਲ ਤੇ ਸਪੱਸ਼ਟ ਹੁੰਦੀ ਹੈ ਇਸ ਤੋਂ ਬਿਨਾਂ ਜਨਮਸਾਖੀਆਂ ਲਈ ਵਰਤੀ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਕਾਫ਼ੀ ਪਰ੍ਹੇ ਦੀ ਹੈ।

ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਪੁਰਾਤਨ ਜਨਮਸਾਖੀ, ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਜਨਮਸਾਖੀ ਭਾਈ ਮਨੀ ਸਿੰਘ (ਗਿਆਨ ਰਤਨਾਵਲੀ) ਅਤੇ ਭਾਈ ਗੁਰਦਾਸ ਦੀਆਂ ਵਾਰਾਂ

ਰਾਹੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਪਦੇਸ਼ ਅਤੇ ਯਾਤਰਾ ਸਬੰਧੀ ਵਾਕਫ਼ੀਅਤ ਮਿਲਦੀ ਹੈ। ਇਸ ਤੋਂ ਬਿਨਾਂ ਇਹਨਾਂ ਦੁਆਰਾ ਉਹਨਾਂ ਦੇਸਾਂ, ਸਥਾਨਾਂ ਦੀ ਵਾਕਫ਼ੀ ਪ੍ਰਾਪਤ ਹੁੰਦੀ ਹੈ ਜਿੱਥੇ-ਜਿੱਥੇ ਗੁਰੂ ਜੀ ਉਸ ਸਮੇਂ ਦੇ ਵਹਿਮਾਂ-ਭਰਮਾਂ, ਗਲਤ ਰਸਮਾਂ, ਫੋਕੇ ਧਾਰਮਕ ਅਡੰਬਰਾਂ, ਪਾਖੰਡਾਂ ਨੂੰ ਖਤਮ ਕਰਨ ਲਈ ਸੈਂਕੜੇ ਮੀਲਾਂ ਦੂਰ ਲੋਕ ਸੋਝੀ ਦੇਣ ਹਿੱਤ ਗਏ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀਆਂ 23 ਤੋਂ 45 ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਚਾਰੇ ਦਿਸ਼ਾਵਾਂ ਵਿੱਚ ਕੀਤੀਆਂ ਉਦਾਸੀਆਂ ਦਾ ਵਰਣਨ ਹੈ। ਇਹ ਵੀ ਮੱਧਕਾਲ ਵਿੱਚ ਯਾਤਰਾ ਸਾਹਿਤ ਦੇ ਬੀਜ ਰੂਪਾਂ ਦੀ ਗਵਾਹੀ ਭਰਦੀਆਂ ਹਨ। ਅੱਜ ਦਾ ਸਫਰ ਸਾਹਿਤ ਵਾਰਤਕ ਰੂਪ ਹੈ ਪਰ ਮੱਧਕਾਲੀਨ ਵਾਰਤਕ ਵਿੱਚ ਇਹ ਸਾਰਾ ਪ੍ਰਸੰਗ ਕਵਿਤਾ ਰੂਪ ਵਿੱਚ ਉਪਲੱਬਧ ਹੈ ਜੋ ਗੁਰੂ ਜੀ ਦੇ ਸਫ਼ਰ ਤੇ ਜਾਣ ਦੀ ਗਵਾਹੀ ਭਰਦਾ ਹੈ।

*"ਬਾਬਾ ਆਇਆ ਤੀਰਥੈ ਤੀਰਥ ਪੁਰਬ ਸਭੇ ਫਿਰ ਦੇਖੈ।।"* [7]

ਜਨਮਸਾਖੀਆਂ ਅਤੇ ਭਾਈ ਗੁਰਦਾਸ ਜੀ ਦੀ ਵਾਰ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੇਸ ਦੇ ਅੰਦਰ ਅਤੇ ਬਾਹਰ ਚਾਰੇ ਦਿਸ਼ਾਵਾਂ ਦੀ ਜ਼ਿਆਰਤ ਕੀਤੀ। ਗੁਰੂ ਜੀ ਦੀਆਂ ਇਹਨਾਂ ਯਾਤਰਾਵਾਂ ਦਾ ਮਾਤਰ ਇੱਕ ਉਦੇਸ਼ ਲੋਕਾਂ ਨੂੰ ਸਦਾਚਾਰਕ ਪੱਖੋਂ ਉੱਚਾ ਚੁੱਕਣਾ ਤਾਂ ਕਿ ਉਹ ਭਟਕਣਾ ਦੇ ਭੰਵਰ ਵਿੱਚੋਂ ਬਾਹਰ ਨਿਕਲ ਕੇ ਸੱਚਾਈ ਨੂੰ ਪਛਾਣ ਸਕਣ। ਸੋਢੀ ਮਿਹਰਬਾਨ ਵਾਲੀ ਜਨਮਸਾਖੀ ਅਨੁਸਾਰ ਗੁਰੂ ਜੀ ਨੇ 1506 ਤੋਂ 1520 ਈ. ਤੱਕ ਭਾਵ ਆਪਣੇ ਉਮਰ ਦੇ 14 ਸਾਲ ਯਾਤਰਾਵਾਂ ਦੇ ਲੇਖੇ ਲਾ ਦਿੱਤੇ ਜਾਂ ਇੰਝ ਕਹਿ ਲਵੋ ਕਿ ਇਹ ਵਰ੍ਹੇ ਉਹਨਾਂ ਲੋਕ-ਕਲਿਆਣ ਹਿੱਤ ਵਰਤੇ।

ਸਾਹਿਤਕ ਤੌਰ ਤੇ ਗੁਰੂ ਜੀ ਦੀਆਂ ਜਨਮਸਾਖੀਆਂ ਦਾ ਕੁਝ ਸਬੰਧ ਯਾਤਰਾ ਸਾਹਿਤ ਨਾਲ ਹੈ। ਭਾਵੇਂ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿੱਚ ਯਾਤਰਾਵਾਂ ਦਾ ਸੁਤੰਤਰ ਰੂਪ ਮਿਲਦਾ ਹੈ ਪਰ ਮੁੱਖ ਰੂਪ ਵਿੱਚ ਇਹ ਪੁਸਤਕਾਂ ਗੁਰੂ ਨਾਨਕ ਦੇਵ ਜੀ ਦੀਆਂ ਜੀਵਣੀਆਂ ਹੀ ਹਨ, ਜਿਹਨਾਂ ਵਿੱਚ ਸਫ਼ਰ ਸਾਹਿਤ ਦੇ ਕੁਝ ਬੀਜ ਰੂਪ ਮੌਜੂਦ ਹਨ। ਉਸ ਸਮੇਂ ਭਾਰਤੀ ਭਾਸ਼ਾਵਾਂ ਵਿੱਚ ਸਫ਼ਰਨਾਮਾ ਲਿਖਣ ਦੀ ਰੀਤ ਨਹੀਂ ਸੀ ਜੇ ਕੋਈ ਅਜਿਹੀ ਸਾਹਿਤਕ ਪ੍ਰਥਾ ਹੁੰਦੀ ਤਾਂ ਭਾਰਤ ਦੇ ਸੰਤਾਂ, ਪੀਰਾਂ, ਗੁਰੂਆਂ ਜਿੰਨਾਂ ਵੱਡਾ ਯਾਤਰੀ ਉਸ ਸਮੇਂ ਹੋਰ ਕੌਣ ਹੋ ਸਕਦਾ ਸੀ। ਜਿਹੜੇ ਅਨੁਭਵੀ ਚਿੰਤਨਸ਼ੀਲ ਅਤੇ ਸੱਭਿਆਚਾਰਕ ਤੌਰ ਤੇ ਅਮੀਰ ਵੀ ਸਨ। ਉਸ ਸਮੇਂ ਸਫ਼ਰਨਾਮਾ ਲਿਖਣ ਦੀ ਪਿਰਤ ਨਾ ਹੋਣ ਕਾਰਨ ਪੰਜਾਬੀ ਸਾਹਿਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਇਸ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਫ਼ਰ ਕਰਨ ਦੀ ਰੁਚੀ ਮਨੁੱਖ ਵਿੱਚ ਆਦਿ ਕਾਲ ਤੋਂ ਵਿੱਦਮਾਨ ਹੈ ਪਰ ਸਫ਼ਰ ਸਾਹਿਤ ਅਤੇ ਸਫ਼ਰਨਾਮੇ ਦਾ ਆਰੰਭ ਆਧੁਨਿਕ ਯੁੱਗ ਵਿੱਚ ਪੱਛਮੀ ਸਾਹਿਤਕ ਪ੍ਰਭਾਵਾਂ ਅਧੀਨ ਹੋਇਆ। ਮੱਧਕਾਲ ਵਿੱਚ ਪ੍ਰਾਪਤ ਗੱਦ ਸਾਹਿਤ ਜਿਸ ਵਿੱਚ ਜਨਮਸਾਖੀਆਂ ਪ੍ਰਮੁੱਖ ਹਨ, ਇਹਨਾਂ ਵਿੱਚ ਸਫ਼ਰ ਸਾਹਿਤ ਦੀਆਂ ਕੁਝ ਝਲਕਾਂ ਜ਼ਰੂਰ ਹਨ ਪਰ ਇਹ ਸੰਪੂਰਨ ਸਫ਼ਰਨਾਮੇ ਦੇ ਗੁਣਾਂ ਨੂੰ ਆਪਣੇ ਅੰਦਰ ਸਮੋਣ ਤੋਂ ਅਸਮਰੱਥ ਹਨ। ਜਿਸ ਤੋਂ ਸਾਬਿਤ ਹੁੰਦਾ ਹੈ ਕਿ ਜਨਮਸਾਖੀਆਂ ਸਫ਼ਰਨਾਮਾ-ਵਿਧਾ ਦੇ ਅੰਸ਼ਕ ਤੱਤ ਆਪਣੇ ਅੰਦਰ ਸਮੋਈ ਬੈਠੀਆਂ ਹਨ ਤੇ ਨਾਲ ਦੀ ਨਾਲ ਇਸ ਤੋਂ ਸਪੱਸ਼ਟ ਹੈ ਕਿ ਮੱਧਕਾਲੀ ਵਾਰਤਕ ਵਿਧਾਵਾਂ ਕਿਸੇ ਸਾਹਿਤਕ ਤੇ ਸੁਤੰਤਰ ਅਸਤਿਤਵ ਰੱਖਣ ਵਾਲੀ ਵਾਰਤਕ ਵਿਧਾ ਨੂੰ ਜਨਮ ਦੇਣ ਦੀ ਸਮਰੱਥਾ ਰੱਖਦੀਆਂ ਹਨ।

ਪੰਜਾਬੀ ਸਫ਼ਰਨਾਮਾ ਸਾਹਿਤ ਦੀ ਨੁਹਾਰ ਪੰਜਾਬੀ ਵਾਰਤਕ ਦੇ ਮੁੱਢਲੇ ਪੜਾਅ ਜਨਮਸਾਖੀ ਸਾਹਿਤ ਵਿਚੋਂ ਹੀ ਪਨਪਦੀ ਸਿੱਧ ਹੁੰਦੀ ਹੈ। ਇਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ, *"ਮੁਸਾਫ਼ਰੀ ਪੰਜਾਬੀ ਸੱਭਿਆਚਾਰ ਦਾ ਇਕ ਪਛਾਣਣਯੋਗ ਚਿੰਨ੍ਹ ਹੈ।"* [8] ਜਿਸ ਸਦਕਾ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਵਿੱਚ ਸਫ਼ਰ ਦੀ ਪ੍ਰੰਪਰਾ ਢੇਰ ਪੁਰਾਣੀ ਹੈ ਜਦੋਂ ਕਿ ਲਿਖਤ ਪੱਧਰ ਤੇ ਇਹ ਵੀਹਵੀਂ ਸਦੀ ਦੀ ਦੇਣ ਹੈ। ਇਸ ਚਰਚਾ ਉਪਰੰਤ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਜਨਮ ਸਾਖੀ ਸਾਹਿਤ ਵਿੱਚ 'ਸਫ਼ਰ ਸਾਹਿਤਦੀ ਬੁਨਿਆਦ ਵੇਖੀ ਜਾ ਸਕਦੀ ਹੈ ਕਿਉਂਕਿ ਜਿਹੜੀ ਸਮੱਗਰੀ ਇੱਕ ਸਾਹਿਤਕ ਰੂਪ ਵਜੋਂ ਸਫ਼ਰ ਸਾਹਿਤ ਨੂੰ ਜਨਮ ਦਿੰਦੀ ਹੈ, ਉਹ ਜਨਮਸਾਖੀ ਸਾਹਿਤ ਵਿੱਚ ਬੀਜ ਰੂਪ ਵਜੋਂ ਥਾਂ-ਥਾਂ ਖਿਲਰੀ ਮਿਲਦੀ ਹੈ।

## ਹਵਾਲੇ ਅਤੇ ਟਿੱਪਣੀਆ


1. *ਗੋਬਿੰਦ ਸਿੰਘ ਲਾਂਬਾ (ਡਾ.), ਪੰਜਾਬੀ ਹੱਥ ਲਿਖਤ ਸਾਹਿਤ ਖੋਜ ਤੇ ਖੋਜ ਵਿਧੀ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, ਸੰਸ. ਪਹਿਲਾ 1981, ਪੰਨਾ: 65*
2. *ਕਿਰਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਸੰਸ. ਅੱਠਵਾਂ 1998, ਪੰਨਾ: 776*
3. *ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1996, ਪੰਨਾ: 59*
4. *ਰਛਪਾਲ ਕੌਰ (ਡਾ.), ਪੰਜਾਬੀ ਸਫ਼ਰਨਾਮਾ: ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਸ. ਪਹਿਲਾ 1997, ਪੰਨਾ: 45*
5. *ਚਾਨਣ ਸਿੰਘ ਨਿਰਮਲ (ਪ੍ਰੋ.), ਪੰਜਾਬੀ ਸਾਹਿਤ (ਆਧੁਨਿਕ ਕਾਲ), ਮੰਗਲ ਪ੍ਰਕਾਸ਼ਨ, ਖਾਲਸਾ ਕਾਲਜ, ਅੰਮ੍ਰਿਤਸਰ, ਸੰਸ. ਪਹਿਲਾ 1992, ਪੰਨਾ: 217*
6. *ਪਿਆਰਾ ਸਿੰਘ (ਪ੍ਰੋ.), ਪੰਜਾਬੀ ਵਾਰਤਕ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਸੰਸ. ਦੂਜਾ 1998, ਪੰਨਾ: 91*
7. *ਦਲੀਪ ਸਿੰਘ 'ਦੀਪ' (ਡਾ.), ਭਾਈ ਗੁਰਦਾਸ ਦੀ ਪਹਿਲੀ ਵਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਸੰਸ. ਪਹਿਲਾ 2000, ਪੰਨਾ: 193*
8. *ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪਟਿਆਲਾ (ਪੰਜਾਬ), ਦਸੰਬਰ, 1991, ਪੰਨਾ: 04*

***Cite this Article-***

*ਡਾ. ਜਸਪ੍ਰੀਤ ਕੌਰ (Dr. Jaspreet Kaur), ਪੰਜਾਬੀ ਸਫਰਨਾਮਾ ਸਾਹਿਤ ਦਾ ਆਗਾਜ਼ ਬਿੰਦੂ: ਜਨਮਸਾਖੀ ਸਾਹਿਤ ਪਰੰਪਰਾ (Punjabi Safarnama Sahit Da Aagaaz Bindu: Janamsakhi Sahit Prampra), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 14-18*

*Journal URL: www.armaan.org.in*

*DOI: https://doi.org/10.64119/armaan.vol.4.issue2.03*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*